# ਬ੍ਰੈਂਪਟਨ ਟ੍ਰਾਂਜ਼ਿਟ ਮਾਸਕ ਮੈਨਡੇਟ ਨੂੰ 11 ਜੂਨ ਤੱਕ ਅੱਗੇ ਵਧਾ ਦਿੱਤਾ ਗਿਆ ਹੈ

ਬ੍ਰੈਂਪਟਨ, ਓਨਟੈਰੀਓ (25 ਅਪ੍ਰੈਲ, 2022) – ਓਨਟੈਰੀਓ ਸਰਕਾਰ ਦੇ 22 ਅਪ੍ਰੈਲ ਨੂੰ ਐਲਾਨੇ ਗਏ ਰੈਗੂਲੇਸ਼ਨਸ (Government of Ontario regulations announced April 22) ਦੇ ਮੁਤਾਬਕ, ਸਿਟੀ ਆਫ ਬ੍ਰੈਂਪਟਨ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੀਆਂ ਬੱਸਾਂ ਅਤੇ ਟਰਮੀਨਲਾਂ ਦੇ ਅੰਦਰ, ਮਾਸਕ ਮੈਨਡੇਟ ਨੂੰ 27 ਅਪ੍ਰੈਲ ਤੋਂ ਅੱਗੇ ਵਧਾ ਕੇ 11 ਜੂਨ, ਅੱਧੀ ਰਾਤ ਤੱਕ ਲਾਗੂ ਕਰੇਗੀ। ਸਵਾਰੀਆਂ ਲਈ ਜ਼ਰੂਰੀ ਹੋਵੇਗਾ ਕਿ ਉਹ ਟ੍ਰਾਂਜ਼ਿਟ ਦੀਆਂ ਬੱਸਾਂ ਅਤੇ ਟ੍ਰਾਂਜ਼ਿਟ ਟਰਮੀਨਲਾਂ ਦੇ ਅੰਦਰ ਮਾਸਕ ਪਹਿਨਣਾ ਜਾਰੀ ਰੱਖਣ।

ਸਵਾਰੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਮਾਸਕ ਉਹਨਾਂ ਦੇ ਮੂੰਹ, ਠੋਡੀ ਅਤੇ ਨੱਕ ਨੂੰ ਢਕਣ। ਸਵਾਰੀਆਂ ਨੂੰ ਇਹ ਵੀ ਯਾਦ ਕਰਾਇਆ ਜਾਂਦਾ ਹੈ ਕਿ, ਹੈਂਡ ਸੈਨੀਟਾਈਜ਼ਰ ਨਾਲ ਰੱਖ ਕੇ, ਵਾਰ-ਵਾਰ ਆਪਣੇ ਹੱਥ ਧੋ ਕੇ ਅਤੇ ਜੇਕਰ ਬੀਮਾਰ ਹੋਵੋ ਤਾਂ ਘਰ ਵਿੱਚ ਹੀ ਰਹਿ ਕੇ ਅਤੇ ਯਾਤਰਾ ਨਾ ਕਰਕੇ, ਸੁਰੱਖਿਅਤ ਰਹੋ ਅਤੇ ਦੂਜਿਆਂ ਨੂੰ ਸੁਰੱਖਿਅਤ ਰਹਿਣ ਵਿੱਚ ਮਦਦ ਕਰੋ।

ਸਾਡੀਆਂ ਸਵਾਰੀਆਂ ਅਤੇ ਸਟਾਫ ਦੀ ਸਿਹਤ ਅਤੇ ਸੁਰੱਖਿਆ ਮੁੱਖ ਤਰਜੀਹ ਹੈ। ਸਿਟੀ ਆਫ ਬ੍ਰੈਂਪਟਨ, ਜੋਖਮਾਂ ਦਾ ਲਗਾਤਾਰ ਨਿਰੀਖਣ ਕਰਨ ਲਈ ਪੀਲ ਪਬਲਿਕ ਹੈਲਥ (Peel Public Health), ਓਨਟੈਰੀਓ ਸਰਕਾਰ (Government of Ontario) ਅਤੇ ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office) ਵਿਖੇ ਆਪਣੇ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ।

ਅੱਪਡੇਟਾਂ ਲਈ www.bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ। ਸਵਾਲ ਸਿੱਧੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ (Contact Centre) ਵਿਖੇ 905.874.2999 ਤੇ ਪੁੱਛੇ ਜਾ ਸਕਦੇ ਹਨ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca